# ਜੀ20 ਦੀ ਵਿਦੇਸ਼ ਮੰਤਰੀਆਂ ਦੀ ਬੈਠਕ ਵਾਸਤੇ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦਾ ਬ੍ਰਾਜ਼ੀਲ ਦਾ ਦੌਰਾ

ਫਰਵਰੀ 19, 2024

ਵਿਦੇਸ਼ ਮਾਮਲਿਆਂ ਅਤੇ ਸੰਸਦੀ ਮਾਮਲਿਆਂ ਦੇ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ 21-22 ਫਰਵਰੀ 2024 ਨੂੰ ਰੀਓ ਡੀ ਜਨੇਰੀਓ ਵਿੱਚ ਹੋਣ ਵਾਲੀ ਜੀ20 ਦੀ ਵਿਦੇਸ਼ ਮੰਤਰੀਆਂ ਦੀ ਬੈਠਕ (ਐੱਫ.ਐੱਮ.ਐੱਮ.) ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ। ਜੀ20 ਦੇ ਵਿਦੇਸ਼ ਮੰਤਰੀ 2012 ਤੋਂ ਇੱਕ ਸਮੂਹ ਦੇ ਰੂਪ ਵਿੱਚ ਬੈਠਕ ਕਰਦੇ ਆ ਰਹੇ ਹਨ, ਅਤੇ ਰੀਓ ਵਿੱਚ ਐੱਫ.ਐੱਮ.ਐੱਮ. ਇਸਦੀ 10ਵੀਂ ਬੈਠਕ ਹੋਵੇਗੀ। ਏਨ੍ਹੇ ਸਾਲਾਂ ਦੌਰਾਨ, ਜੀ20 ਐਫ.ਐਮ.ਐਮ. ਦੀ ਮਹੱਤਤਾ ਵਿੱਚ ਵਾਧਾ ਹੋਈਆ ਹੈ ਅਤੇ ਇਹ ਜੀ20 ਮੈਂਬਰਾਂ ਵਿਚਕਾਰ  ਸਾਂਝੀ ਚਿੰਤਾ ਦੇ ਕਈ ਅੰਤਰਰਾਸ਼ਟਰੀ ਮੁੱਦਿਆਂ ਅਤੇ ਸਬੰਧਤ ਮਾਮਲਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਾਰਨ ਵਾਸਤੇ ਇੱਕ ਕੀਮਤੀ ਮੰਚ ਬਣ ਗਿਆ ਹੈ।

ਬ੍ਰਾਜ਼ੀਲ ਨੇ 1 ਦਸੰਬਰ 2023 ਨੂੰ ਭਾਰਤ ਤੋਂ G20 ਦੀ ਪ੍ਰਧਾਨਗੀ ਸੰਭਾਲੀ, ਅਤੇ ਜੀ20 ਐਫ.ਐਮ.ਐਮ. ਬ੍ਰਾਜ਼ੀਲ ਦੀ ਪ੍ਰਧਾਨਗੀ ਦੇ ਹੇਠਾਂ ਪਹਿਲੀ ਮੰਤਰੀ ਪੱਧਰੀ ਬੈਠਕ ਹੋਵੇਗੀ।

ਭਾਰਤ ਵਰਤਮਾਨ ਵਿੱਚ ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਦੇ ਨਾਲ ਜੀ-20 ਟ੍ਰੋਈਕਾ ਦਾ ਮੈਂਬਰ ਹੈ, ਅਤੇ ਇਸਨੇ 'ਨਿਆਉਂ ਦੁਨੀਆ ਅਤੇ ਟਿਕਾਊ ਗ੍ਰਹਿ ਦੇ ਨਿਰਮਾਣ' ਦੀ ਥੀਮ ਦੇ ਹੇਠਾਂ ਬ੍ਰਾਜ਼ੀਲ ਦੀਆਂ ਜੀ20 ਤਰਜੀਹਾਂ ਜਿਵੇਂ ਕਿ, (i) ਸਮਾਜਿਕ ਸਮਾਵੇਸ਼ ਅਤੇ ਭੁੱਖ ਅਤੇ ਗਰੀਬੀ ਦੇ ਵਿਰੁੱਧ ਲੜਾਈ ਦੇ; (ii) ਊਰਜਾ ਪਰਿਵਰਤਨ ਅਤੇ ਟਿਕਾਊ ਵਿਕਾਸ; ਅਤੇ (iii) ਗਲੋਬਲ ਗਵਰਨੈਂਸ ਸੁਧਾਰ, ਨੂੰ ਆਪਣਾ ਸਮਰਥਣ ਪਹੁੰਚਾਇਆ ਹੈ। ਭਾਰਤ ਦੇ ਜੀ-20 ਪ੍ਰਧਾਨਗੀ ਦੇ ਸਾਰੇ ਕਾਰਜ ਸਮੂਹ ਅਤੇ ਤੰਤਰ ਬ੍ਰਾਜ਼ੀਲ ਦੀ ਪ੍ਰਧਾਨਗੀ ਦੇ ਹੇਠਾਂ ਜਾਰੀ ਹਨ। ਬ੍ਰਾਜ਼ੀਲ ਦੁਆਰਾ ਔਰਤਾਂ ਦੇ ਸਸ਼ਕਤੀਕਰਨ 'ਤੇ ਇੱਕ ਨਵਾਂ ਕਾਰਜ ਸਮੂਹ ਅਤੇ ਇੱਕ ਨਵਾਂ ਸ਼ਮੂਲੀਅਤ ਗਰੁੱਪ "ਜੁਡੀਸ਼ਰੀ 20" ਵੀ ਸ਼ਾਮਲ ਕੀਤਾ ਗਿਆ ਹੈ।

ਦੌਰੇ ਦੌਰਾਨ, ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦੋਵੇਂ ਐੱਫ.ਐੱਮ.ਐੱਮ. ਸੈਸ਼ਨਾਂ, ਪਹਿਲਾ "ਚੱਲ ਰਹੇ ਅੰਤਰਰਾਸ਼ਟਰੀ ਤਣਾਅ ਨਾਲ ਨਜਿੱਠਣ ਵਿੱਚ ਜੀ-20 ਦੀ ਭੂਮਿਕਾ, ਅਤੇ ਦੂਜਾ "ਗਲੋਬਲ ਗਵਰਨੈਂਸ ਸੁਧਾਰ"  ਵਿੱਚ ਹਿੱਸਾ ਲੈਣਗੇ। ਉਹ 22 ਫਰਵਰੀ 2024 ਨੂੰ ਭਾਰਤ-ਬ੍ਰਾਜ਼ੀਲ-ਦੱਖਣੀ ਅਫਰੀਕਾ (ਆਈ.ਬੀ.ਐਸ.ਏ.) ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਵੀ ਹਿੱਸਾ ਲੈਣਗੇ। ਐਫ.ਐਮ.ਐਮ. ਦੇ ਨਾਲ ਹੀ, ਉਹ ਗਲੋਬਲ ਸਾਊਥ ਦੇ ਸਾਂਝੀਦਾਰ ਦੇਸ਼ਾਂ ਨਾਲ ਦੁਵੱਲੀ ਬੈਠਕਾਂ ਕਰਨਗੇ।

**ਨਵੀਂ ਦਿੱਲੀ**

**ਫਰਵਰੀ 19, 2024**